# ਪ੍ਰਾਈਵੇਟ ਕਿਰਾਏਦਾਰ: ਆਪਣੇ ਅਧਿਕਾਰ ਜਾਣੋ

## ਜੇ ਮੇਰਾ ਮਕਾਨ-ਮਾਲਕ ਵਧੇਰੇ ਕਿਰਾਇਆ ਚਾਹੁੰਦਾ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

**ਇਸ 'ਤੇ ਲਾਗੂ ਹੁੰਦਾ ਹੈ: ਇੰਗਲੈਂਡ**
**ਜੂਨ 2026**

ਤੁਹਾਡਾ ਮਕਾਨ-ਮਾਲਕ ਹਰ 12 ਮਹੀਨਿਆਂ ਵਿੱਚ ਸਿਰਫ ਇੱਕ ਵਾਰ ਤੁਹਾਡਾ ਕਿਰਾਇਆ ਵਧਾ ਸਕਦਾ ਹੈ ਅਤੇ ਉਸ ਨੂੰ ਲਾਜ਼ਮੀ ਤੌਰ 'ਤੇ ਸੈਕਸ਼ਨ 13 ਨੋਟਿਸ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਸ ਨੂੰ ਫਾਰਮ 4A ਵੀ ਕਿਹਾ ਜਾਂਦਾ ਹੈ, ਜਿਸ ਵਿੱਚ ਤੁਹਾਡਾ ਕਿਰਾਇਆ ਵਧਣ ਤੋਂ ਪਹਿਲਾਂ ਤੁਹਾਨੂੰ ਦੋ ਮਹੀਨਿਆਂ ਦਾ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ। ਉਹ ਕਿਰਾਏਦਾਰੀ ਦੇ ਪਹਿਲੇ 12 ਮਹੀਨਿਆਂ ਵਿੱਚ ਕਿਰਾਇਆ ਨਹੀਂ ਵਧਾ ਸਕਦੇ ਹਨ।

**ਤੁਸੀਂ ਕਿਰਾਏ ਨੂੰ ਕਦੋਂ ਚੁਣੌਤੀ ਦੇ ਸਕਦੇ ਹੋ:**

- ਤੁਸੀਂ ਉਸ ਨਾਲੋਂ ਘੱਟ ਕਿਰਾਏ 'ਤੇ ਸੌਦੇਬਾਜ਼ੀ ਕਰ ਸਕਦੇ ਹੋ ਜੋ ਮਕਾਨ-ਮਾਲਕ ਮੰਗਦਾ ਹੈ। ਸੈਕਸ਼ਨ 13 ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਡਾ ਮਕਾਨ-ਮਾਲਕ ਤੁਹਾਨੂੰ ਗੈਰ-ਰਸਮੀ ਤੌਰ 'ਤੇ ਦੱਸ ਸਕਦਾ ਹੈ ਕਿ ਉਹ ਕਿਰਾਇਆ ਵਧਾਉਣ ਦੀ ਯੋਜਨਾ ਬਣਾ ਰਹੇ ਹਨ, ਪਰ ਕਿਰਾਏਦਾਰ ਅਤੇ ਮਕਾਨ-ਮਾਲਕ ਵਿਚਕਾਰ ਲਿਖਤੀ ਸਮਝੌਤੇ ਨਾਲ ਕਿਰਾਏ ਵਿੱਚ ਵਾਧੇ ਨੂੰ ਬਦਲਿਆ ਜਾਂ ਅੱਗੇ ਪਾਇਆ ਜਾ ਸਕਦਾ ਹੈ।
- ਕਿਰਾਏਦਾਰ ਫਰਸਟ-ਟੀਅਰ ਟ੍ਰਿਬਿਊਨਲ ਵਿਖੇ ਇੱਕ ਰਸਮੀ ਸੈਕਸ਼ਨ 13 ਨੋਟਿਸ ਨੂੰ ਚੁਣੌਤੀ ਦੇਣ ਦੇ ਹੱਕਦਾਰ ਹਨ, ਜੋ ਇਸ ਅਧਾਰ 'ਤੇ ਕਿਰਾਇਆ ਨਿਰਧਾਰਤ ਕਰੇਗਾ ਕਿ ਜੇ ਮਕਾਨ-ਮਾਲਕ ਪ੍ਰਾਪਰਟੀ ਨੂੰ ਖੁੱਲ੍ਹੀ ਮਾਰਕੀਟ ਵਿੱਚ ਕਿਰਾਏ 'ਤੇ ਦਿੰਦਾ ਹੈ ਤਾਂ ਉਹ ਕੀ ਪ੍ਰਾਪਤ ਕਰਨ ਦੀ ਉਮੀਦ ਕਰ ਸਕਦਾ ਹੈ। ਟ੍ਰਿਬਿਊਨਲ ਨੂੰ ਪ੍ਰਸਤਾਵਿਤ ਕਿਰਾਇਆ ਲਾਗੂ ਹੋਣ ਦੀ ਮਿਤੀ ਤੋਂ ਪਹਿਲਾਂ ਅਰਜ਼ੀ ਪ੍ਰਾਪਤ ਕਰਨ ਦੀ ਲੋੜ ਹੋਵੇਗੀ।

**ਰਜਿਸਟਰਡ ਕਿਰਾਇਆ:**
ਜੇ ਤੁਹਾਡੇ ਕੋਲ ਨਿਯੰਤ੍ਰਿਤ ਕਿਰਾਏਦਾਰੀ ਹੈ – ਆਮ ਤੌਰ 'ਤੇ ਜੇ 1989 ਤੋਂ ਪਹਿਲਾਂ ਸ਼ੁਰੂ ਹੋਈ ਸੀ – ਤਾਂ ਤੁਹਾਡੇ ਕੋਲ ਰਜਿਸਟਰਡ ਕਿਰਾਇਆ ਹੋ ਸਕਦਾ ਹੈ। ਤੁਹਾਡੇ **ਕਿਰਾਏਦਾਰੀ ਸਮਝੌਤੇ** ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ ਕਿ ਕਿਰਾਏ ਦੀ ਸਮੀਖਿਆ ਕਿਵੇਂ ਅਤੇ ਕਦੋਂ ਕੀਤੀ ਜਾਏਗੀ। ਇਸ ਨੂੰ ਕਈ ਵਾਰ 'ਨਿਰਪੱਖ ਕਿਰਾਇਆ' ਕਿਹਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ www.gov.uk/private-renting/changes-to-a-regulated-tenancy 'ਤੇ ਜਾਓ।

**ਜੇ ਤੁਹਾਡਾ ਮਕਾਨ-ਮਾਲਕ ਜਾਂ ਕਿਰਾਏ 'ਤੇ ਦੇਣ ਵਾਲਾ ਏਜੰਟ ਕਿਰਾਇਆ ਵਧਾਉਣਾ ਚਾਹੁੰਦਾ ਹੈ ਤਾਂ ਚੁੱਕੇ ਜਾਣ ਵਾਲੇ 10 ਕਦਮ:**

1. ਤੁਰੰਤ ਜਵਾਬ ਨਾ ਦਿਓ। ਜਾਂਚ ਕਰੋ ਕਿ ਤੁਹਾਡੀ ਗੱਲਬਾਤ ਕੀਤੀ ਸਥਿਤੀ ਕੀ ਹੈ।
2. ਜਾਂਚ ਕਰੋ ਕਿ ਕੀ ਤੁਹਾਡੇ ਕੋਲ ਤੁਹਾਡੇ ਮਕਾਨ-ਮਾਲਕ ਦੇ ਸੰਪਰਕ ਵੇਰਵੇ ਹਨ। ਜੇ ਲਿਖਤੀ ਰੂਪ ਵਿੱਚ ਬੇਨਤੀ ਕੀਤੀ ਜਾਂਦੀ ਹੈ ਤਾਂ ਕਿਰਾਏ 'ਤੇ ਦੇਣ ਵਾਲੇ ਏਜੰਟ ਕਾਨੂੰਨੀ ਤੌਰ 'ਤੇ ਤੁਹਾਨੂੰ ਮਕਾਨ-ਮਾਲਕ ਦਾ ਨਾਮ ਅਤੇ ਪਤਾ ਮੁਹੱਈਆ ਕਰਨ ਦੇ ਪਾਬੰਦ ਹੁੰਦੇ ਹਨ।
3. ਉਹ ਕਿੰਨਾ ਕਿਰਾਇਆ ਮੰਗ ਰਹੇ ਹਨ? ਕੀ ਇਹ ਉਸ ਨਾਲੋਂ ਵੱਧ ਹੈ ਜਿਸਦਾ ਆਸ ਪਾਸ ਮਿਲਦੀਆਂ-ਜੁਲਦੀਆਂ ਪ੍ਰਾਪਰਟੀਆਂ ਲਈ ਇਸ਼ਤਿਹਾਰ ਦਿੱਤਾ ਜਾ ਰਿਹਾ ਹੈ? ਅਜਿਹੇ ਕਿਸੇ ਵੀ ਕਿਰਾਏ ਨੂੰ ਨੋਟ ਕਰੋ ਜੋ ਪ੍ਰਸਤਾਵਿਤ ਕਿਰਾਇਆ ਨਾਲੋਂ ਸਸਤਾ ਹੈ। ਤੁਸੀਂ ਇੱਥੇ ਇਹ ਵੀ ਦੇਖ ਸਕਦੇ ਹੋ ਕਿ ਤੁਹਾਡਾ ਕਿਰਾਇਆ ਤੁਲਨਾ ਵਿੱਚ ਕਿਵੇਂ ਹੈ https://lha-direct.voa.gov.uk/
4. ਕੀ ਇਹ ਤੁਹਾਡੀ ਸਮਰੱਥਾ ਦੇ ਅੰਦਰ ਹੈ? ਜੇ ਕਿਰਾਇਆ ਵੱਧ ਜਾਂਦਾ ਹੈ, ਤਾਂ ਕੀ ਇਸ ਗੱਲ ਕੋਈ ਜੋਖਮ ਹੈ ਕਿ ਤੁਹਾਡੇ 'ਤੇ ਬਕਾਇਆ ਚੜ੍ਹ ਜਾਵੇਗਾ? ਕਿਰਾਇਆ ਤੁਹਾਡੀ ਸਮਰੱਥਾ ਦੇ ਅੰਦਰ ਮੰਨਿਆ ਜਾਂਦਾ ਹੈ ਜੇ ਇਹ ਤੁਹਾਡੀ ਆਮਦਨੀ ਦੇ ਇੱਕ ਤਿਹਾਈ ਤੋਂ ਘੱਟ ਹੈ।
5. ਕੀ ਤੁਸੀਂ ਇੱਕ ਭਰੋਸੇਮੰਦ ਕਿਰਾਏਦਾਰ ਰਹੇ ਹੋ, ਅਤੇ ਕੀ ਤੁਸੀਂ ਆਸਾਨੀ ਨਾਲ ਪ੍ਰਾਪਰਟੀ ਛੱਡ ਸਕਦੇ ਹੋ? ਪ੍ਰਾਪਰਟੀ ਛੱਡ ਦੇਣ ਦੀ ਧਮਕੀ ਸੌਦੇਬਾਜ਼ੀ ਵਿੱਚ ਤੁਹਾਡਾ ਸਭ ਤੋਂ ਵੱਡਾ ਹਥਿਆਰ ਹੈ। ਤੁਹਾਡਾ ਮਕਾਨ-ਮਾਲਕ ਕਿਸੇ ਅਣਜਾਣ ਕਿਰਾਏਦਾਰ ਦਾ ਜੋਖਮ ਨਹੀਂ ਉਠਾਉਣਾ ਚਾਹੇਗਾ, ਖ਼ਾਸ ਕਰ ਜਦੋਂ ਉਸ ਨੂੰ ਪ੍ਰਾਪਰਟੀ ਦਾ ਇਸ਼ਤਿਹਾਰ ਦੇਣ ਲਈ ਭੁਗਤਾਨ ਕਰਨਾ ਪਵੇਗਾ ਅਤੇ ਕਈ ਹਫ਼ਤੇ ਕਿਰਾਏ ਦੇ ਬਿਨਾਂ ਰਹਿਣਾ ਪਵੇਗਾ ਅਤੇ ਨਵੀਂ ਕਿਰਾਏਦਾਰੀ ਦੀ ਲਾਗਤ ਕਵਰ ਕਰਨੀ ਪਵੇਗੀ।
6. ਜੇ ਤੁਸੀਂ ਉਹਨਾਂ ਨੂੰ ਮੁਰੰਮਤ ਕਰਨ ਲਈ ਕਿਹਾ ਹੈ ਅਤੇ ਉਹਨਾਂ ਨੇ ਉਹ ਨਹੀਂ ਕੀਤੀਆਂ ਹਨ ਜਾਂ ਗੈਰ-ਵਾਜਬ ਸਮਾਂ ਲਿਆ ਹੈ, ਤਾਂ ਤੁਹਾਨੂੰ ਅਯੋਗਤਾ ਲਈ ਵਾਧੂ ਭੁਗਤਾਨ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ। ਉਹਨਾਂ ਨੂੰ ਇਸ ਬਾਰੇ ਯਾਦ ਦਿਵਾਓ ਅਤੇ ਇਹ ਪੱਕਾ ਕਰੋ ਕਿ ਜੇ ਤੁਹਾਡੇ ਕੋਲ ਈਮੇਲ ਦੀਆਂ ਕਾਪੀਆਂ/ਮੁਰੰਮਤ ਦੀ ਲੋੜ ਦੀਆਂ ਫੋਟੋਆਂ ਹਨ, ਜੇ ਕਿਸੇ ਸਬੂਤ ਦੀ ਲੋੜ ਪੈਂਦੀ ਹੈ।
7. ਜ਼ਿਆਦਾ ਕਿਰਾਏ ਤੋਂ ਤੁਹਾਨੂੰ ਕੀ ਮਿਲੇਗਾ? ਉਹਨਾਂ ਚੀਜ਼ਾਂ ਦੀ ਇੱਕ ਸੂਚੀ ਬਣਾਓ ਜਿਸ 'ਤੇ ਉਹਨਾਂ ਨੂੰ ਉਹ ਵਧੇਰੇ ਪੈਸਾ ਖਰਚ ਕਰਨਾ ਚਾਹੀਦਾ ਹੈ: ਨਵਾਂ ਕਾਰਪੇਟ, ਬਾਲਣ ਕੁਸ਼ਲ ਬੋਇਲਰ, ਕੂਕਰ 'ਤੇ ਇਗਨੀਸ਼ਨ ਬਟਨ ਨੂੰ ਠੀਕ ਕਰਨਾ ਆਦਿ।
8. ਹੁਣ ਜਦੋਂ ਤੁਸੀਂ ਆਪਣਾ ਮਾਮਲਾ ਬਣਾ ਲਿਆ ਹੈ, ਆਪਣੇ ਮਕਾਨ-ਮਾਲਕ ਨਾਲ ਸੰਪਰਕ ਕਰੋ। ਉਹਨਾਂ ਨੂੰ ਦੱਸੋ ਕਿ ਜੇ ਉਹ ਕਿਰਾਇਆ ਵਧਾਉਂਦੇ ਹਨ ਤਾਂ ਤੁਹਾਨੂੰ ਮਕਾਨ ਛੱਡਣਾ ਪਵੇਗਾ ਅਤੇ ਤੁਹਾਡੇ ਕਾਰਨਾਂ ਦੀ ਸੂਚੀ ਦਿਓ ਕਿ ਉਹਨਾਂ ਨੂੰ ਇਹ ਕਿਉਂ ਨਹੀਂ ਬਦਲਣਾ ਚਾਹੀਦਾ।
9. ਮਕਾਨ-ਮਾਲਕ ਮੁੜ ਵਿਚਾਰ ਕਰਨ ਤੋਂ ਇਨਕਾਰ ਕਰ ਸਕਦਾ ਹੈ। ਇਸ ਸਥਿਤੀ ਵਿੱਚ ਆਪਣੀਆਂ ਸੁਧਾਰ ਕਰਨ ਦੀਆਂ ਮੰਗਾਂ ਦਿਓ।
10. ਮਕਾਨ-ਮਾਲਕ ਕਾਊਂਟਰ ਪੇਸ਼ਕਸ਼ ਦੇ ਨਾਲ ਤੁਹਾਡੇ ਕੋਲ ਵਾਪਸ ਆ ਸਕਦਾ ਹੈ। ਸਮਝੌਤਾ ਕਰਨ ਲਈ ਤਿਆਰ ਰਹੋ – ਅਤੇ ਬਦਲੇ ਵਿੱਚ ਕੁਝ ਪਾਉਣ ਲਈ ਉਹ ਮੰਗਾਂ ਕਰੋ।

**ਫਰਸਟ-ਟੀਅਰ ਟ੍ਰਿਬਿਊਨਲ ਵਿੱਚ ਕਿਰਾਏ ਵਿੱਚ ਵਾਧੇ ਨੂੰ ਚੁਣੌਤੀ ਦੇਣਾ**

- ਜੇ ਤੁਸੀਂ ਕਿਸੇ ਸਮਝੌਤੇ 'ਤੇ ਨਹੀਂ ਪਹੁੰਚਦੇ ਹੋ, ਅਤੇ ਮਕਾਨ-ਮਾਲਕ ਪ੍ਰਸਤਾਵਿਤ ਕਿਰਾਏ ਦੇ ਨਾਲ ਸੈਕਸ਼ਨ 13 ਨੋਟਿਸ ਦਿੰਦਾ ਹੈ ਜੋ ਤੁਸੀਂ ਸੋਚਦੇ ਹੋ ਕਿ ਬਹੁਤ ਜ਼ਿਆਦਾ ਹੈ, ਤਾਂ ਤੁਸੀਂ ਟ੍ਰਿਬਿਊਨਲ ਰਾਹੀਂ ਇਸ ਨੂੰ ਚੁਣੌਤੀ ਦੇ ਸਕਦੇ ਹੋ। ਫਰਸਟ-ਟੀਅਰ ਟ੍ਰਿਬਿਊਨਲ ਇਹ ਨਿਰਧਾਰਤ ਕਰੇਗਾ ਕਿ ਮਾਰਕੀਟ ਰੇਟ ਕੀ ਹੋਣਾ ਚਾਹੀਦਾ ਹੈ।
- ਟ੍ਰਿਬਿਊਨਲ ਕੋਲ ਅਰਜ਼ੀ ਦੇਣ ਲਈ, ਤੁਹਾਨੂੰ ਫਾਰਮ Rents1 ਦੀ ਵਰਤੋਂ ਕਰਦੇ ਹੋਏ ਮਾਰਕੀਟ ਕਿਰਾਏ ਦੇ ਨਿਰਧਾਰਨ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ। **£47 ਦੀ ਫ਼ੀਸ** ਦਾ ਭੁਗਤਾਨ ਕਰਨਾ ਹੋਵੇਗਾ।
- ਕਿਰਪਾ ਕਰਕੇ ਧਿਆਨ ਰੱਖੋ ਕਿ ਟ੍ਰਿਬਿਊਨਲ ਸਥਾਨਕ ਖੇਤਰ ਵਿੱਚ ਨਵੀਆਂ ਕਿਰਾਏਦਾਰੀਆਂ ਦੇ ਕਿਰਾਏ ਨਾਲ ਤੁਲਨਾ ਕਰਕੇ ਇਹ ਫੈਸਲਾ ਕਰੇਗਾ ਕਿ ਕੀ ਕਿਰਾਏ ਵਿੱਚ ਵਾਧਾ "ਬਹੁਤ ਜ਼ਿਆਦਾ" ਹੈ। ਇਸ ਲਈ, ਜੇ ਤੁਸੀਂ ਦਰਮਿਆਨੀ ਚੰਗੀ ਸਥਿਤੀ ਵਿੱਚ ਦੋ ਬੈਡਰੂਮ ਵਾਲੇ ਘਰ ਵਿੱਚ ਰਹਿੰਦੇ ਹੋ, ਤਾਂ ਉਹ ਇਸਦੀ ਤੁਲਨਾ ਉਸੇ ਆਕਾਰ ਅਤੇ ਸਥਿਤੀ ਵਾਲੇ ਦੂਜੇ ਘਰਾਂ ਨਾਲ ਕਰਨਗੇ ਜਿਨ੍ਹਾਂ ਨੂੰ ਹਾਲ ਹੀ ਵਿੱਚ ਤੁਹਾਡੇ ਸਥਾਨਕ ਖੇਤਰ ਵਿੱਚ ਕਿਰਾਏ 'ਤੇ ਦਿੱਤਾ ਗਿਆ ਹੈ ਜਾਂ ਇਸ਼ਤਿਹਾਰ ਦਿੱਤਾ ਜਾ ਰਿਹਾ ਹੈ।

ਨਿਰਧਾਰਨ ਲਈ ਦਰਖ਼ਾਸਤ ਦਿੰਦੇ ਸਮੇਂ, ਯਕੀਨੀ ਬਣਾਓ ਕਿ ਤੁਸੀਂ ਇਹਨਾਂ ਗੱਲਾਂ ਦਾ ਸਬੂਤ ਦਿੰਦੇ ਹੋ:

- ਸਥਾਨਕ ਖੇਤਰ ਵਿੱਚ ਇਸ਼ਤਿਹਾਰ ਦਿੱਤੇ ਜਾ ਰਹੇ ਕਿਰਾਏ
- ਕੋਈ ਵੀ ਸੁਧਾਰ ਜੋ ਤੁਸੀਂ ਘਰ ਵਿੱਚ ਕੀਤੇ ਹਨ, ਜਿਨ੍ਹਾਂ ਵਿੱਚ ਉਹ ਉਪਕਰਣ ਸ਼ਾਮਲ ਹਨ ਜੋ ਤੁਸੀਂ ਖੁਦ ਮੁਹੱਈਆ ਕਰਨੇ ਪਏ ਸਨ, ਅਤੇ
- ਤੁਹਾਡੇ ਘਰ ਵਿੱਚ ਮਾੜੀਆਂ ਸਥਿਤੀਆਂ, ਜਿਸ ਵਿੱਚ ਘੱਟ ਊਰਜਾ ਕੁਸ਼ਲਤਾ ਰੇਟਿੰਗ ਸ਼ਾਮਲ ਹੈ

ਟ੍ਰਿਬਿਊਨਲ ਅਕਸਰ ਮਾੜੀਆਂ ਸਥਿਤੀਆਂ ਜਾਂ ਕਿਰਾਏਦਾਰ ਦੁਆਰਾ ਕੀਤੇ ਗਏ ਸੁਧਾਰਾਂ ਦੇ ਅਧਾਰ 'ਤੇ ਛੋਟ ਲਾਗੂ ਕਰੇਗਾ। ਟ੍ਰਿਬਿਊਨਲ ਦੁਆਰਾ ਜਾਂਚ ਕਰਨ ਅਤੇ/ਜਾਂ ਸੁਣਵਾਈ ਕਰਨ ਦਾ ਇਹ ਇੱਕ ਕਾਰਨ ਹੋਵੇਗਾ, ਪਰ ਤੁਹਾਨੂੰ ਆਪਣੀ ਅਰਜ਼ੀ ਵਿੱਚ ਇਸਦੇ ਲਈ ਕਾਰਨ ਮੁਹੱਈਆ ਕਰਨ ਦੀ ਲੋੜ ਹੋਵੇਗੀ।

ਤੁਹਾਡੇ ਮਕਾਨ-ਮਾਲਕ ਨੂੰ ਤੁਹਾਡੀ ਅਰਜ਼ੀ ਦੀ ਇੱਕ ਕਾਪੀ ਭੇਜੀ ਜਾਵੇਗੀ ਅਤੇ ਜਵਾਬ ਦੇਣ ਲਈ 28 ਦਿਨ ਦਿੱਤੇ ਜਾਣਗੇ। ਫਿਰ ਤੁਹਾਨੂੰ ਮਕਾਨ-ਮਾਲਕ ਨੂੰ ਜਵਾਬ ਦੇਣ ਲਈ 14 ਦਿਨ ਮਿਲਣਗੇ।

Renters' Rights Act ਦੇ ਕਾਰਨ, ਟ੍ਰਿਬਿਊਨਲ ਤੁਹਾਡੇ ਤੋਂ ਉਸ ਤੋਂ ਵੱਧ ਕੁਝ ਨਹੀਂ ਲੈ ਸਕੇਗਾ ਜੋ ਤੁਹਾਡੇ ਮਕਾਨ-ਮਾਲਕ ਨੇ ਮੰਗਿਆ ਹੈ। ਇਸ ਵਿੱਚ ਉਹ ਮਾਮਲੇ ਸ਼ਾਮਲ ਹਨ ਜਿੱਥੇ ਪ੍ਰਸਤਾਵਿਤ ਕਿਰਾਇਆ ਹਾਲੇ ਵੀ ਤੁਹਾਡੇ ਖੇਤਰ ਵਿੱਚ ਸਮਾਨ ਪ੍ਰਾਪਰਟੀਆਂ ਤੋਂ ਘੱਟ ਹੋਵੇਗਾ। ਇਸ ਤੋਂ ਇਲਾਵਾ, ਜੇ ਨਵਾਂ ਕਿਰਾਇਆ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਇਹ ਹੁਣ ਤੁਹਾਡੇ ਮਕਾਨ-ਮਾਲਕ ਦੇ ਨੋਟਿਸ ਦੀ ਪੁਰਾਣੀ ਮਿਤੀ ਦੀ ਬਜਾਏ, ਟ੍ਰਿਬਿਊਨਲ ਦੇ ਨਿਰਧਾਰਨ ਦੀ ਮਿਤੀ ਤੋਂ ਲਾਗੂ ਹੋਵੇਗਾ। ਜੇ ਤੁਸੀਂ ਪ੍ਰਸਤਾਵਿਤ ਕਿਰਾਏ ਨੂੰ ਚੁਣੌਤੀ ਨਹੀਂ ਦਿੰਦੇ ਹੋ, ਤਾਂ ਨਵਾਂ ਕਿਰਾਇਆ ਮਕਾਨ-ਮਾਲਕ ਦੇ ਨੋਟਿਸ ਵਿੱਚ ਦਿੱਤੀ ਤਾਰੀਖ਼ ਤੋਂ ਦੇਣਯੋਗ ਹੋਵੇਗਾ।

ਟ੍ਰਿਬਿਊਨਲ ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ: https://www.citizensadvice.org.uk/housing/renting-privately/during-your-tenancy/challenging-a-rent-increase/

**ਜੇ ਕਿਰਾਏ ਵਿੱਚ ਕੋਈ ਤੁਹਾਡੀ ਸਮਰੱਥਾ ਤੋਂ ਬਾਹਰ ਦਾ ਵਾਧਾ ਅੱਗੇ ਵੱਧਦਾ ਹੈ**

ਛੱਡਣ ਦਾ ਨੋਟਿਸ ਦੇਣ ਤੋਂ ਪਹਿਲਾਂ ਆਪਣੀਆਂ ਚੋਣਾਂ ਬਾਰੇ ਧਿਆਨ ਨਾਲ ਸੋਚੋ। ਜੇ ਤੁਹਾਡੀ ਆਮਦਨੀ ਘੱਟ ਹੈ ਜਾਂ ਤੁਸੀਂ ਲਾਭ ਪ੍ਰਾਪਤ ਕਰਦੇ ਹੋ ਤਾਂ ਤੁਸੀਂ ਸ਼ਾਇਦ ਹਾਊਸਿੰਗ ਬੈਨਿਫ਼ਿਟ ਜਾਂ ਯੂਨੀਵਰਸਲ ਕ੍ਰੈਡਿਟ ਦੇ ਜ਼ਰੀਏ ਕਿਰਾਇਆ ਪ੍ਰਾਪਤ ਕਰ ਸਕੋ। ਜੇ ਤੁਸੀਂ ਘਰ ਛੱਡਣ ਦਾ ਫੈਸਲਾ ਕਰਦੇ ਹੋ, ਤਾਂ ਜਾਣ ਤੋਂ ਪਹਿਲਾਂ ਯਕੀਨੀ ਬਣਾਓ ਕਿ ਤੁਸੀਂ ਰਹਿਣ ਲਈ ਕੋਈ ਨਵੀਂ ਜਗ੍ਹਾ ਲੱਭ ਲਈ ਹੈ, ਜਾਂ ਜੇ ਤੁਹਾਨੂੰ ਅਜਿਹਾ ਨਵਾਂ ਘਰ ਨਹੀਂ ਮਿਲਦਾ ਹੈ ਜਿਸਦਾ ਤੁਸੀਂ ਖਰਚਾ ਚੁੱਕ ਸਕਦੇ ਹੋ ਤਾਂ ਆਪਣੀ ਸਥਾਨਕ ਕਾਊਂਸਿਲ ਤੋਂ ਮਦਦ ਲਵੋ। ਜੇ ਤੁਸੀਂ ਕੋਈ ਅਜਿਹਾ ਘਰ ਛੱਡ ਦਿੰਦੇ ਹੋ ਜੋ ਤੁਹਾਡੀ ਸਮਰੱਥਾ ਦੇ ਅੰਦਰ ਹੋ ਸਕਦਾ ਸੀ ਤਾਂ ਹੋ ਸਕਦਾ ਹੈ ਕਿ ਤੁਸੀਂ ਆਪਣੀ ਸਥਾਨਕ ਕਾਊਂਸਿਲ ਤੋਂ ਕੋਈ ਸਹਾਇਤਾ ਪ੍ਰਾਪਤ ਨਾ ਕਰ ਸਕੋ।

**ਮਦਦਗਾਰ ਲਿੰਕ**

ਫਾਰਮ Rents1:
https://www.gov.uk/guidance/apply-for-a-market-rent-determination

ਤੁਸੀਂ ਸਿਟੀਜ਼ਨਸ ਅਡਵਾਈਸ ਬਜਟਿੰਗ ਟੂਲ ਦੀ ਵਰਤੋਂ ਕਰਕੇ ਇਸ ਬਾਰੇ ਵਿਚਾਰ ਪ੍ਰਾਪਤ ਕਰ ਸਕਦੇ ਹੋ ਕਿ ਤੁਸੀਂ ਕਿੰਨਾ ਦੇ ਸਕਦੇ ਹੋ:
https://www.citizensadvice.org.uk/debt-and-money/budgeting/budgeting/work-out-your-budget/

ਆਪਣੀ ਸਥਾਨਕ ਕਾਊਂਸਿਲ ਨੂੰ ਇੱਥੇ ਲੱਭੋ:
https://www.gov.uk/find-local-council

ਜਾਂਚ ਕਰੋ ਕਿ ਕੀ ਤੁਸੀਂ ਆਪਣਾ ਕਿਰਾਇਆ ਅਦਾ ਕਰਨ ਲਈ ਸਹਾਇਤਾ ਪ੍ਰਾਪਤ ਕਰ ਸਕਦੇ ਹੋ:
https://www.citizensadvice.org.uk/housing/renting-privately/private-renting/get-help-with-renting-costs/